**M**

# Pre-Board Examination
## Subject - PUNJABI (004)
## (2023-2024)
## CLASS-X

No. of Printed Pages : 7

Time : 3 Hours | Maximum Marks : 80

**ਆਮ ਨਿਰਦੇਸ਼ :**

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
* ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ/ਚਿੰਨ੍ਹ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
* ਇਸ ਪ੍ਰਸ਼ਨ-ਪੱਤਰ ਵਿੱਚ ਕੁੱਲ 16 ਪ੍ਰਸ਼ਨ ਹਨ ਤੇ ਇਸ ਦੇ ਚਾਰ ਭਾਗ ਹਨ :

  **ਭਾਗ-I** : ਪੜ੍ਹਨ ਕੌਸ਼ਲ ਵਿੱਚ ਕੁੱਲ 2 ਪ੍ਰਸ਼ਨ ਹਨ।

  **ਭਾਗ-II** : ਵਿਆਕਰਨ ਵਿੱਚ ਕੁੱਲ 5 ਪ੍ਰਸ਼ਨ ਹਨ।

  **ਭਾਗ-III** : ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿੱਚ ਕੁੱਲ 3 ਪ੍ਰਸ਼ਨ ਹਨ।

  **ਭਾਗ-IV** : ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨਾਂ ਵਿੱਚ ਕੁੱਲ 6 ਪ੍ਰਸ਼ਨ ਹਨ।

## ਭਾਗ-I : ਪੜ੍ਹਨ ਕੌਸ਼ਲ
## (Part-I : Reading Skill)

ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ ਦਿਓ :

**6×1=6**

**1.** ਪੰਜਾਬ ਦੀ ਧਰਤੀ ਨੂੰ ਮਹਾਂਪੁਰਖਾਂ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਇੱਥੋਂ ਦੇ ਧਾਰਮਿਕ ਸਥਾਨ ਆਪਣੇ ਇਤਿਹਾਸਕ ਤੇ ਗੌਰਵਸ਼ਾਲੀ ਮਹਾਨਤਾ ਲਈ ਪ੍ਰਸਿੱਧ ਹਨ। ਇਸਨੂੰ 'ਸਿਫ਼ਤੀ ਦਾ ਘਰ' ਵੀ ਕਿਹਾ ਜਾਂਦਾ ਹੈ। ਅੰਮ੍ਰਿਤਸਰ ਸ਼ਹਿਰ ਵਸਣ ਤੋਂ ਪਹਿਲਾਂ ਇਹ ਸਥਾਨ ਬੜਾ ਹੀ ਸੁੰਦਰ ਤੇ ਰਮਣੀਕ ਸੀ। ਚਾਰੇ ਪਾਸੇ ਸ਼ਾਂਤੀ ਤੇ ਸਵੱਛ ਵਾਤਾਵਰਨ ਹੋਣ ਕਰਕੇ ਸਾਧੂ-ਲੋਕ ਭਗਤੀ ਕਰਨ ਲਈ ਇਸਨੂੰ ਉੱਤਮ ਸਥਾਨ ਸਮਝਦੇ ਸਨ। ਸਿੱਖਾਂ ਦੇ ਤੀਜੇ ਗੁਰੂ, ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਇਸ ਸਥਾਨ 'ਤੇ ਸਰੋਵਰ ਦਾ ਨਿਰਮਾਣ ਕਰਨ ਲਈ ਭੇਜਿਆ। ਇੱਥੇ ਹੀ ਕੋਈ 250 ਏਕੜ ਜ਼ਮੀਨ ਉੱਪਰ 'ਗੁਰੂ ਕਾ ਚੱਕ' ਨਾਂ ਦੀ ਬਸਤੀ ਬਣਾਈ ਗਈ। ਇਸ ਤਰ੍ਹਾਂ ਇਸ ਨਗਰ ਨੂੰ ਵਸਾਉਣ ਦੀ ਸ਼ੁਰੂਆਤ 1570 ਈ. ਵਿੱਚ ਹੋਈ। ਸਰੋਵਰ ਦੀ ਖੁਦਾਈ ਦਾ ਕੰਮ 1573 ਈ. ਵਿੱਚ ਸ਼ੁਰੂ ਹੋਇਆ। ਹੌਲੀ-ਹੌਲੀ ਲੋਕਾਂ ਦੇ ਆਉਣ ਨਾਲ ਇਹ ਸ਼ਹਿਰ ਵਸ ਗਿਆ। ਅੰਮ੍ਰਿਤਸਰ ਮਾਝੇ ਦਾ ਕੇਂਦਰੀ ਸ਼ਹਿਰ ਹੈ। ਇਸ ਲਈ ਇੱਥੇ ਪੰਜਾਬੀ ਦੀ ਉਪਭਾਸ਼ਾ 'ਮਾਝੀ' ਬੋਲੀ ਜਾਂਦੀ ਹੈ।

(i) ਮਹਾਂਪੁਰਖਾਂ ਦੀ ਪਵਿੱਤਰ ਚਰਨ ਛੋਹ ਕਿਸ ਧਰਤੀ ਨੂੰ ਪ੍ਰਾਪਤ ਹੈ ?

(ੳ) ਕੇਰਲ ਦੀ (ਅ) ਇੰਗਲੈਂਡ ਦੀ

(ੲ) ਪੰਜਾਬ ਦੀ (ਸ) ਕਨੇਡਾ ਦੀ

(ii) ਅੰਮ੍ਰਿਤਸਰ ਸ਼ਹਿਰ ਵੱਸਣ ਤੋਂ ਪਹਿਲਾਂ ਇਹ ਸਥਾਨ ਕਿਹੋ ਜਿਹਾ ਸੀ ?

(ੳ) ਬੰਜਰ (ਅ) ਰੇਤੀਲਾ

(ੲ) ਪਹਾੜੀ (ਸ) ਸੁੰਦਰ ਤੇ ਰਮਣੀਕ

(iii) ਗੁਰੂ ਅਮਰਦਾਸ ਜੀ ਨੇ ਕਿਸਨੂੰ ਅੰਮ੍ਰਿਤਸਰ ਵਿੱਚ ਸਰੋਵਰ ਦਾ ਨਿਰਮਾਣ ਕਰਨ ਲਈ ਭੇਜਿਆ ?

(ੳ) ਗੁਰੂ ਅਰਜਨ ਦੇਵ ਜੀ (ਅ) ਗੁਰੂ ਹਰਿਗੋਬਿੰਦ ਜੀ ਨੂੰ

(ੲ) ਗੁਰੂ ਰਾਮਦਾਸ ਜੀ ਨੂੰ (ਸ) ਗੁਰੂ ਹਰਿਕ੍ਰਿਸ਼ਨ ਜੀ ਨੂੰ

(iv) ਅੰਮ੍ਰਿਤਸਰ ਨੂੰ ਵਸਾਉਣ ਦੀ ਸ਼ੁਰੂਆਤ ਕਦੋਂ ਹੋਈ ?

(ੳ) 1565 ਈ. ਵਿੱਚ (ਅ) 1550 ਈ. ਵਿੱਚ

(ੲ) 1600 ਈ. ਵਿੱਚ (ਸ) 1570 ਈ. ਵਿੱਚ

(v) ਅੰਮ੍ਰਿਤਸਰ ਵਿੱਚ ਪੰਜਾਬੀ ਦੀ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?

(ੳ) ਦੁਆਬੀ (ਅ) ਮਾਝੀ

(ੲ) ਮਲਵਈ (ਸ) ਪੋਠੋਹਾਰੀ

(vi) 1573 ਈਸਵੀ ਵਿੱਚ ਕਿਸ ਦੀ ਖੁਦਾਈ ਦਾ ਕੰਮ ਸ਼ੁਰੂ ਹੋਇਆ ?

(ੳ) ਸਰੋਵਰ ਦੀ (ਅ) ਨਹਿਰ ਦੀ

(ਸ) ਖਾਨ ਦੀ (ਸ) ਖੂਹ ਦੀ

2. ਅਸੀਂ ਗੱਭਰੂ ਦੇਸ ਪੰਜਾਬ ਦੇ, ਹਿੱਕਾਂ ਰੱਖਦੇ ਤਣੀਆਂ। 4×1=4
ਕੱਠੇ ਹੋ ਕੇ ਪਾਈਏ ਬੋਲੀਆਂ, ਮੁੱਛਾਂ ਰੱਖਦੇ ਖੜੀਆਂ।
ਰਲ-ਮਿਲ ਕੇ ਭੰਗੜਾ ਪਾਈਏ, ਕਦੇ ਨਾ ਸਹਿੰਦੇ ਤੜੀਆਂ।
ਐਰ-ਗੈਰ ਨਾਲ ਗੱਲ ਨਾ ਕਰਦੇ, ਵਿਆਹ ਕੇ ਲਿਆਉਂਦੇ ਪਰੀਆਂ।

(i) ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੀ ਥਾਂ ਦੇ ਗੱਭਰੂਆਂ ਬਾਰੇ ਗੱਲ ਕੀਤੀ ਗਈ ਹੈ ?

(ii) ਪੰਜਾਬ ਦੇ ਗੱਭਰੂ ਇਕੱਠੇ ਹੋ ਕੇ ਕੀ ਪਾਉਂਦੇ ਹਨ ?

(iii) ਪੰਜਾਬ ਦੇ ਲੋਕ ਕੀ ਨਹੀਂ ਸਹਿੰਦੇ ਹਨ ?

(iv) ਉਪਰੋਕਤ ਕਾਵਿ-ਟੁਕੜੀ ਵਿੱਚ ਕਿਹੜੇ ਲੋਕਨਾਚ ਦਾ ਜ਼ਿਕਰ ਆਇਆ ਹੈ ?

## ਭਾਗ-II : ਵਿਆਕਰਨ
## (Part-II : Grammer)

3. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2×1=2

(i) 'ਧਰਮ ਅਤੇ ਕਰਮ' ਲਈ ਸਹੀ ਸਮਾਸੀ ਸ਼ਬਦ ਚੁਣੋ :

(ੳ) ਕਰਮ-ਧਰਮ (ਅ) ਧਰਮ ਨਾਲ ਕਰਮ

(ੲ) ਧਰਮ-ਕਰਮ (ਸ) ਧਰਮ ਲਈ ਕਰਮ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜੇ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਹੈ ?

(ੳ) ਵਾਰੋ-ਵਾਰੀ (ਅ) ਖੱਟਾ-ਮਿੱਠਾ

(ੲ) ਸੋਚ-ਵਿਚਾਰ (ਸ) ਭੀੜ-ਭੜੱਕਾ

(iii) ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਨਹੀਂ ਹੈ ?

(ੳ) ਉੱਚਾ-ਨੀਵਾਂ (ਅ) ਟੁੱਟ-ਭੱਜ

(ੲ) ਅੱਗੇ-ਪਿੱਛੇ (ਸ) ਜ਼ਮੀਨ-ਅਸਮਾਨ

4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) **2×1=2**

(i) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਬੋਲੀ' ਦਾ ਬਹੁ-ਅਰਥਕ ਨਹੀਂ ਹੈ ?

(ੳ) ਭਾਸ਼ਾ (ਅ) ਆਦਤ

(ੲ) ਬੋਲਣਾ (ਸ) ਨਿਲਾਮੀ

(ii) 'ਵਾਰ' ਸ਼ਬਦ ਲਈ ਬਹੁ-ਅਰਥਕ ਸ਼ਬਦ ਸਮੂਹ ਚੁਣੋ :

(ੳ) ਵੰਡਣਾ, ਦਾਨ ਕਰਨਾ, ਵੇਚਣਾ (ਅ) ਦਿਨ, ਹਮਲਾ, ਜਸ ਦੀ ਕਵਿਤਾ

(ੲ) ਭੁੱਖਾ ਰਹਿਣਾ, ਵਰਤ, ਵੰਡਣਾ (ਸ) ਧੂੰਆਂ, ਸੁਸਤੀ, ਗਰਮ

(iii) ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਡੰਡੀ' ਦਾ ਬਹੁ-ਅਰਥਕ ਨਹੀਂ ਹੈ ?

(ੳ) ਲੀਰ (ਅ) ਵਿਸਰਾਮ-ਚਿੰਨ੍ਹ

(ੲ) ਰਾਹ (ਸ) ਸੋਟੀ

5. ਕਿਰਿਆ ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਦੋ ਨੂੰ ਹੱਲ ਕਰੋ) **2×1=2**

(i) ਹੇਠ ਲਿਖੇ ਸ਼ਬਦ ਸਮੂਹ ਵਿੱਚੋਂ ਕਾਲਵਾਚਕ ਕਿਰਿਆ ਵਿਸ਼ੇਸ਼ਣ ਵਾਲਾ ਸ਼ਬਦ ਸਮੂਹ ਚੁਣੋ-

(ੳ) ਥੋੜਾ, ਬਹੁਤ, ਜ਼ਰਾ (ਅ) ਸੱਜੇ, ਖੱਬੇ, ਨੇੜੇ

(ੲ) ਜਿਵੇਂ, ਕਿਵੇਂ, ਹੌਲੀ (ਸ) ਸਵੇਰੇ, ਸ਼ਾਮ, ਸਮੇਂ ਸਿਰ

(ii) ਜਿਹੜੇ ਕਿਰਿਆ ਵਿਸ਼ੇਸ਼ਣਾਂ ਤੋਂ ਕਿਰਿਆ ਦੇ ਕੰਮ ਦੀ ਤਾਕੀਦ ਜਾਂ ਪਕਿਆਈ ਦਾ ਪਤਾ ਲੱਗੇ, ਉਹਨਾਂ ਨੂੰ ਕੀ ਕਿਹਾ ਜਾਂਦਾ ਹੈ ?

(ੳ) ਕਾਲਵਾਚਕ ਕਿਰਿਆ ਵਿਸ਼ੇਸ਼ਣ (ਅ) ਤਾਕੀਦਵਾਚਕ ਕਿਰਿਆ ਵਿਸ਼ੇਸ਼ਣ

(ੲ) ਪ੍ਰਕਾਰਵਾਚਕ ਕਿਰਿਆ ਵਿਸ਼ੇਸ਼ਣ (ਸ) ਕਾਰਨਵਾਚਕ ਕਿਰਿਆ ਵਿਸ਼ੇਸ਼ਣ

(iii) ਬਾਹਰ ਠੰਡੀ ਹਵਾ ਚੱਲ ਰਹੀ ਹੈ। ਇਸ ਵਾਕ ਵਿੱਚ ਕਿਰਿਆ ਵਿਸ਼ੇਸ਼ਣ ਚੁਣੋ :

(ੳ) ਬਾਹਰ (ਅ) ਹਵਾ

(ੲ) ਠੰਡੀ (ਸ) ਚੱਲ

6. ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) **1+1=2**

(i) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਗੈਰ, ਖੁਸ਼

(ii) ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਈ, ਆਲੂ

7. ਮੁਹਾਵਰੇ (ਹੇਠ ਲਿਖੇ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ) **4×1=4**

(i) ਕੰਨਾਂ ਨੂੰ ਹੱਥ ਲਾਉਣਾ

(ii) ਖੇਰੂੰ-ਖੇਰੂੰ ਹੋਣਾ

(iii) ਗੁਲਛੱਰੇ ਉਡਾਉਣੇ

(iv) ਘੜੇ ਦੀ ਮੱਛੀ

(v) ਚਾਂਦੀ ਦੀ ਜੁੱਤੀ ਮਾਰਨੀ

(vi) ਜਾਨ ਸੁੱਕ ਜਾਣੀ

# ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ
# (Part-III : Writing Skill)

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : **1×8=8**

(i) **ਕਰ ਮਜੂਰੀ ਖਾਹ ਚੂਰੀ**

ਨੁਕਤੇ : ਅਖਾਣ ਦਾ ਭਾਵ ...... ਕਿਰਤ ਦੀ ਮਹੱਤਤਾ ...... ਦਸਾਂ-ਨਹੁੰਆਂ ਦੀ ਕਿਰਤ ...... ਵਿਹਲਾ ਮਨ ਸ਼ੈਤਾਨ ਦਾ ਘਰ ...... ਕਿਰਤੀਆਂ ਉੱਤੇ ਰੱਬ ਦੀ ਮਿਹਰ ...... ਹੱਥੀਂ ਕਿਰਤ ਨਾਲ ਸਰੀਰ ਦਾ ਤੰਦਰੁਸਤ ਹੋਣਾ ...... ਕਿਰਤੀ ਦਾ ਮਨ ਨੀਵਾਂ ਤੇ ਮੱਤ ਉੱਚੀ ......।

ਸਿੱਟਾ ......।

(ii) **ਵਿਗਿਆਨ ਦੇ ਚਮਤਕਾਰ**

ਨੁਕਤੇ : ਭੂਮਿਕਾ ...... ਵਿਗਿਆਨ ਦੇ ਲਾਭ ...... ਸੰਚਾਰ ਸਾਧਨਾਂ ਦਾ ਵਿਕਾਸ ...... ਮਨੋਰੰਜਨ ਦੇ ਸਾਧਨ ...... ਚਿਕਿਤਸਾ ਖੇਤਰ ...... ਆਵਾਜਾਈ ਵਿੱਚ ਉੱਨਤੀ ..... ਹਾਨੀਆਂ ......।

ਸਿੱਟਾ ......।

(iii) **ਭਰੂਣ ਹੱਤਿਆ**

ਨੁਕਤੇ : ਭੂਮਿਕਾ ...... ਮਰਦ ਪ੍ਰਧਾਨ ਸਮਾਜਕ ਢਾਂਚੇ ਦੀ ਜ਼ਿੰਮੇਵਾਰੀ ...... ਕੁੜੀ ਨੂੰ ਭਾਰ ਸਮਝਣਾ ...... ਕੁੜੀ ਦੇ ਵਿਆਹ ਨੂੰ ਸਮੱਸਿਆ ਸਮਝਣਾ ...... ਵਿਗਿਆਨ ਦੀਆਂ ਕਾਢਾਂ ਦਾ ਪ੍ਰਭਾਵ ...... ਸਮਾਜ ਦੀ ਸੋਚ ਵਿੱਚ ਆ ਰਿਹਾ ਬਦਲਾਅ ...... ਕੁੜੀਆਂ ਦਾ ਆਪਣੇ ਹੱਕਾਂ ਪ੍ਰਤੀ ਚੇਤੰਨ ਹੋਣਾ ...... ਸਖ਼ਤ ਕਾਨੂੰਨਾਂ ਦਾ ਪ੍ਰਭਾਵ ......।

ਸਿੱਟਾ ......।

9. ਮਿੱਤਰ/ਸਹੇਲੀ ਨੂੰ ਸਕੂਲ ਵਿਚ ਮਨਾਏ ਗਏ ਸੁਤੰਤਰਤਾ ਦਿਵਸ ਬਾਰੇ ਪੱਤਰ ਲਿਖੋ। **6**

ਨੁਕਤੇ : ਸਕੂਲ ਵਿੱਚ ਸੁਤੰਤਰਤਾ ਦਿਵਸ ਮਨਾਉਣਾ ...... ਮੁੱਖ ਮਹਿਮਾਨ ਸਿੱਖਿਆ ਅਫ਼ਸਰ ਵੱਲੋਂ ਭਾਸ਼ਣ ...... ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਦੇ ਗੀਤ ਤੇ ਨਾਟਕ ...... ਮੁੱਖ ਅਧਿਆਪਕ ਦੁਆਰਾ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ......।

**ਜਾਂ**

ਆਪਣੇ ਸਕੂਲ ਮੁਖੀ ਨੂੰ ਸਕੂਲ ਦੀ ਵਾਲੀਬਾਲ ਟੀਮ ਵਿੱਚ ਸ਼ਾਮਿਲ ਹੋਣ ਲਈ ਆਪਣੀ ਰੁਚੀ ਦੱਸਦੇ ਹੋਏ ਬਿਨੈ-ਪੱਤਰ ਲਿਖੋ।

ਨੁਕਤੇ : ਖੇਡਾਂ ਵਿੱਚ ਰੁਚੀ ਹੋਣਾ ...... ਸਕੂਲ ਵਿੱਚ ਵਾਲੀਬਾਲ ਦੀ ਟੀਮ ਹੋਣਾ ...... ਟੀਮ ਦਾ ਹਿੱਸਾ ਬਣਨਾ ...... ਆਪਣੀਆਂ ਯੋਗਤਾਵਾਂ ਦੱਸਣਾ ...।

10. ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ– 4



**ਨੋਟ :** ਇਹ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।

ਸਕੂਲ ਮੁਖੀ ਨੂੰ ਜੁਰਮਾਨਾ ਮੁਆਫ਼ੀ ਲਈ ਪੱਤਰ ਲਿਖੋ।

## ਭਾਗ–IV : ਪਾਠ ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ
## (Part-IV : Text Book Based Questions)

11. ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ) 5×1=5

(i) ਮਨੁੱਖ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਕਿਹੜੀ ਚੀਜ਼ ਮਹੱਤਵਪੂਰਨ ਹੈ ?

(ੳ) ਪੈਸਾ (ਅ) ਘਰ ਦਾ ਪਿਆਰ

(ੲ) ਸੈਰ (ਸ) ਲੜਾਈ

(ii) ਸਾਡੀ ਆਤਮਾ ਦਾ ਚਿੱਤਰ ਕਿਸਨੂੰ ਮੰਨਿਆ ਗਿਆ ਹੈ ?

(ੳ) ਬੋਲੀ (ਅ) ਕਮਾਈ

(ੲ) ਮਿੱਤਰ (ਸ) ਮਿਹਨਤ

(iii) 'ਮੇਰੇ ਵੱਡੇ ਵਡੇਰੇ' ਪਾਠ ਦਾ ਲੇਖਕ ਕੌਣ ਹੈ ?

(ੳ) ਪ੍ਰਿੰ. ਤੇਜਾ ਸਿੰਘ (ਅ) ਗਿ. ਗੁਰਦਿੱਤ ਸਿੰਘ

(ੲ) ਨਰਿੰਦਰ ਸਿੰਘ (ਸ) ਗੁਰਬਖ਼ਸ਼ ਸਿੰਘ ਪ੍ਰੀਤਲੜੀ

(iv) ਕਰਤਾਰ ਸਿੰਘ ਦੇ ਸਿਰ ਖਾਦ ਦਾ ਕਿੰਨਾ ਕਰਜ਼ਾ ਸੀ ?

(ੳ) ਦੋ ਹਜ਼ਾਰ (ਅ) ਸਾਢੇ ਸੋਲਾਂ ਸੌ ਰੁਪਏ

(ੲ) ਪੰਜ ਹਜ਼ਾਰ (ਸ) ਸਾਢੇ ਚੌਦਾਂ ਸੌ ਰੁਪਏ

(v) ਮਾਨ ਸਿੰਘ ਨੂੰ ਕਰਮ ਸਿੰਘ ਦੀ ਮੌਤ ਦੀ ਖ਼ਬਰ ਕਿਸ ਤੋਂ ਪਤਾ ਲੱਗੀ ?

(ੳ) ਪਿੰਡ ਦੇ ਲੋਕਾਂ ਤੋਂ (ਅ) ਅਖ਼ਬਾਰਾਂ ਤੋਂ

(ੲ) ਡਾਕੀਏ ਤੋਂ (ਸ) ਗੁਆਂਢੀਆਂ ਤੋਂ

(vi) ਕਾਕਾ ਆਪਣੇ ਪਿਤਾ ਜੀ ਤੋਂ ਕੀ ਮੰਗਦਾ ਹੈ ?

(ੳ) ਰੁਪਈਆ (ਅ) ਆਨਾ

(ੲ) ਪੰਜ ਟਕੇ (ਸ) ਇੱਕ ਟਕਾ

12. ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) **5×1=5**

(i) ਸ੍ਰਿਸ਼ਟੀ ਦੀ ਨਿਰੰਤਰਤਾ ਕਿਸ ਤੋਂ ਬਗੈਰ ਕਾਇਮ ਨਹੀਂ ਰਹਿ ਸਕਦੀ ?

(ੳ) ਇਸਤਰੀ ਤੋਂ (ਅ) ਧਰਤੀ ਤੋਂ

(ੲ) ਆਦਮੀ ਤੋਂ (ਸ) ਰੁੱਖਾਂ ਤੋਂ

(ii) 'ਸਤਿਗੁਰ ਨਾਨਕ ਪ੍ਰਗਟਿਆ' ਕਿਸ ਦੀ ਰਚਨਾ ਹੈ ?

(ੳ) ਗੁਰੂ ਨਾਨਕ ਦੇਵ ਜੀ (ਅ) ਭਾਈ ਗੁਰਦਾਸ ਜੀ

(ੲ) ਗੁਰੂ ਅਰਜਨ ਦੇਵ ਜੀ (ਸ) ਗੁਰੂ ਤੇਗ ਬਹਾਦਰ ਜੀ

(iii) ਔਰੰਗਜ਼ੇਬ ਕੌਣ ਸੀ ?

(ੳ) ਮੰਤਰੀ (ਅ) ਸਿਪਾਹੀ

(ੲ) ਅਹਿਲਕਾਰ (ਸ) ਮੁਗ਼ਲ ਸ਼ਹਿਨਸ਼ਾਹ

(iv) ਜਿਸ ਜੀਵ 'ਤੇ ਗੁਰੂ ਦਿਆਲੂ ਹੋਏ ਉਹ ਉਸ ਜੀਵ ਨੂੰ ਕਿਸ ਨਾਲ ਮਿਲਾਉਂਦਾ ਹੈ ? 'ਕਿਰਪਾ ਕਰਿ ਕੈ ਬਖਸਿ ਲੇਹੁ' ਰਚਨਾ ਦੇ ਆਧਾਰ 'ਤੇ ਉੱਤਰ ਦਿਓ–

(ੳ) ਮਿੱਤਰ ਨਾਲ (ਅ) ਪਰਮਾਤਮਾ ਨਾਲ

(ੲ) ਆਤਮਾ ਨਾਲ (ਸ) ਅਜਨਬੀ ਨਾਲ

(v) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ 'ਬੰਧਪ' ਸ਼ਬਦ ਤੋਂ ਕੀ ਭਾਵ ਹੈ ?

(ੳ) ਸਹਿਪਾਠੀ (ਅ) ਗੁਆਂਢੀ

(ੲ) ਮਿੱਤਰ (ਸ) ਰਿਸ਼ਤੇਦਾਰ

(vi) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਦੇ ਪਤੀ ਦਾ ਕੀ ਨਾਂ ਹੈ ?

(ੳ) ਸੁਖਦੇਵ (ਅ) ਗੁਰਦੇਵ

(ੲ) ਹਰਦੇਵ (ਸ) ਮਨਪ੍ਰੀਤ

13. ਕਹਾਣੀ ਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਲਿਖੋ) **4×1=4**

(i) ਕਾਕਾ ਨੀਂਦ ਵਿੱਚ ਕੀ ਬੁੜਬੁੜਾ ਰਿਹਾ ਸੀ ?

(ii) ਡਾਕੀਆ ਕਿਸ ਦੀ ਪੈਨਸ਼ਨ ਦੇ ਕਾਗਜ਼ ਲੈ ਕੇ ਆਇਆ ਸੀ ?

(iii) ਦੁਨੀਆਂ ਦਾ ਸਭ ਤੋਂ ਸਿਆਣਾ ਆਦਮੀ ਕਿਸ ਨੂੰ ਮੰਨਿਆ ਗਿਆ ਹੈ ?

(iv) ਅਰਦਾਸ ਕਿਸ-ਕਿਸ ਸਮੇਂ ਕੀਤੀ ਜਾਂਦੀ ਹੈ ?

(v) ਮੇਰੇ ਵੱਡੇ-ਵਡੇਰੇ ਲੇਖ ਵਿੱਚ ਬਾਬਿਆਂ ਨੇ ਰੋਟੀ ਖਾਂਦੇ ਹੋਏ ਕੀ ਚੱਟ ਕਰ ਦਿੱਤਾ ?

14. ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ) **7×2=14**

(i) ਕਰਤਾਰ ਸਿੰਘ ਦੇ ਛੋਟੀ ਉਮਰ ਵਿੱਚ ਹੀ ਦੁਨੀਆਂ ਤੋਂ ਤੁਰ ਜਾਣ ਦਾ ਕੀ ਕਾਰਨ ਸੀ ?

(ii) ਮਨੁੱਖ ਦੀਆਂ ਸਰੀਰਕ ਸਮੱਸਿਆਵਾਂ ਕਿਉਂ ਵੱਧ ਰਹੀਆਂ ਹਨ ?

(iii) ਮਹਾਰਾਜਾ ਰਣਜੀਤ ਸਿੰਘ ਨੇ ਕੈਦੀ ਦੀ ਸਜ਼ਾ ਮੁਆਫ਼ ਕਿਉਂ ਕਰ ਦਿੱਤੀ ?

(iv) ਔਰੰਗਜ਼ੇਬ ਨੂੰ ਕਿਸ ਗੱਲ ਦਾ ਡਰ ਸੀ ?

(v) 'ਕੁਲਫ਼ੀ' ਕਹਾਣੀ ਵਿੱਚ ਲੇਖਕ ਕਾਕੇ ਨੂੰ ਟਾਲਣ ਲਈ ਕੀ ਕਹਿੰਦਾ ਹੈ ?

(vi) ਕਰਮ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ ?

(vii) ਨਿਹਾਲ ਕੌਰ ਵੱਲੋਂ ਆਪਣੇ ਪੁੱਤਰ ਦਾ ਦੂਜਾ ਵਿਆਹ ਕਰਨ ਦੀ ਧਮਕੀ ਦੇਣ ਉੱਤੇ ਮਨਜੀਤ ਕੀ ਆਖਦੀ ਹੈ ?

(viii) ਸਾਡੇ ਰੋਜ਼ਾਨਾ ਜੀਵਨ ਵਿੱਚ ਬੋਲੀ ਦਾ ਕੀ ਮਹੱਤਵ ਹੈ ?

15. ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਲਿਖੋ। **2×4=8**

(i) 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦਾ ਕੇਂਦਰੀ ਭਾਵ ਆਪਣੇ ਸ਼ਬਦਾਂ ਵਿੱਚ ਲਿਖੋ।

**ਜਾਂ**

'ਜੰਗ ਦਾ ਹਾਲ' ਰਚਨਾ ਵਿੱਚ ਸਿੰਘਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਜੋ ਹਾਲ ਬਿਆਨ ਕੀਤਾ ਹੈ। ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

(ii) ਵੱਡਿਆਂ ਨੂੰ ਬੱਚਿਆਂ ਦੀ ਬੋਲੀ ਵੱਲ ਵਿਸ਼ੇਸ਼ ਧਿਆਨ ਕਿਉਂ ਦੇਣਾ ਚਾਹੀਦਾ ਹੈ ?

**ਜਾਂ**

"ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ਼ ਪਿਆਰ ਪੈਦਾ ਹੁੰਦਾ ਹੈ।" ਇਸ ਕਥਨ ਦੀ ਵਿਆਖਿਆ ਕਰੋ।

16. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਲਿਖੋ) **1×4=4**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣ ਦੇ ਜ਼ੀਨਤ, ਔਰੰਗਜ਼ੇਬ ਨੂੰ ਕੀ ਕਹਿੰਦੀ ਹੈ ?

**ਜਾਂ**

'ਦੂਜਾ ਵਿਆਹ' ਇਕਾਂਗੀ ਵਿੱਚੋਂ ਦੂਜੇ ਵਿਆਹ ਬਾਰੇ ਮਨਜੀਤ ਨੂੰ ਵਾਰ-ਵਾਰ ਧਮਕੀ ਮਿਲਣ ਪਿੱਛੇ ਕੀ ਸੋਚ ਕੰਮ ਕਰਦੀ ਹੈ ? ਉੱਤਰ ਆਪਣੇ ਸ਼ਬਦਾਂ ਵਿੱਚ ਲਿਖੋ।